ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥

**11 ਅਪ੍ਰੈਲ 2010 ਨੂੰ ਵਿਸ਼ਵ ਅਸਿਖ ਕਨਵੈਨਸ਼ਨ ਦੇ ਨਾ ਥੱਲੇ ਦਿਲੀ, ਗੁਰੂ ਵਲੋਂ ਇਕ ਥਾਂ ਜੋੜੀ, ਸਿਖ ਸਰੂਪ ਵਿਚ ਬਿਪਰਨ ਔਲਾਦ ਨੂੰ ਗੁਰੂ ਗੁਰਬਾਣੀ ਸੱਚ ਅਨੁਸਾਰ, ਸੱਚਾ ਸੁਝਾ- ਵਲੋਂ ਗੁਰਸਿਖ ਕਾਫਲਾ**

ਐ ਸਿਖ ਸਰੂਪ ਵਿਚ ਬਿਪਰਨ ਅਤੇ ਬਿਪਰਨ ਤਖਤ ਦੀ ਜੁਰਾਇਮ ਪੇਸ਼ਾ ਜਾਹਲਸਾਜ, ਮੁਖ ਸੰਯੁਕਤ ਕਾਲਕਾ ਪੰਥ ਦੀ ਇਕ ਜਿੰਦਾ ਜਾਗਦੀ ਬਾਂਹ, ਦਿੱਲੀ ਸਿਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਸ੍ਰੀ ਮਾਨ ਸਰਨਾਂ ਅਤੇ ਆਪਜੀ ਦੇ ਸੱਦੇ ਤੇ ਇਸ ਵਿਸ਼ਵ ਅਸਿਖ ਕਨਵੈਨਸ਼ਨ ਤੇ ਪਹੁੰਚੇ ਸੰਸਾਰ ਦੇ ਸਿਖ ਸਰੂਪ ਵਿਚ ਬਿਪਰਨ ਅਤੇ ਬਿਪਰਨ ਤਖਤ ਦੀ ਅਸਿਖ ਔਲਾਦ ਇਨਸਾਨੋਂ:

ਗੁਰੂ ਦਾ ਅਸਲ ਸਿਖ, ਗੁਰਸਿਖ ਕਾਫਲਾ, ਤੁਸਾਂ ਨੂੰ ਤੁਸਾਂ ਦੀ ਸੱਥ ਵਿਚ ਪਹੁੰਚ, ਅੰਤ ਖਾਲਸ, ਪਵਿਤ੍ਰ ਇਨਸਾਨ ਕਿਰਦਾਰ ਖਾਲਸੇ ਦੀ ਹੀ ਸਿਰਜਣਹਾਰ ਅਕਾਲ ਪੁਰਖ ਵਾਹਿਗੁਰੂ ਵਲੋਂ ਕੀਤੀ ਫਤਹਿ ਬੁਲਾਉਂਦਾ ਹੈ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਰਾਜ ਲੀਲਾ ਤੇਰੈ ਨਾਮਿ ਬਨਾਈ ॥ ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥(ਪੰਨਾਂ 385)

ਸ੍ਰੀ ਮਾਨ ਸਰਨਾਂ ਜੀ ਆਪਜੀ ਵਲੋਂ ਸੱਦੇ ਵਿਸ਼ਵ ਅਸਿਖ ਸਮੇਲਨ ਵਾਰੇ ਖਬਰ ਮਿਲਣ ਮਗਰੋਂ ਆਪਜੀ ਨੂੰ ਸੰਖੇਪ ਵਿਚ ਜੋ ਗੁਰੂ ਵਲੋਂ ਬਖਸ਼ਿਸ਼ ਸੱਚ ਸੁਣਾਇਆ ਗਿਆ ਸੀ, ਉਹ ਹੀ ਸੱਚ ਆਪਜੀ ਦੇ ਸੱਦੇ ਤੇ ਗੁਰੂ ਵਲੋਂ ਇਕ ਥਾਂ ਇਕੱਤ੍ਰ ਕੀਤੀ ਸੰਯੁਕਤ ਕਾਲਕਾ ਕਾਲਕਾ ਪੰਥ ਦੀ ਬਾਂਹ, ਸਿਖ ਸਰੂਪ ਵਿਚ ਬਿਪਰਨ ਅਤੇ ਬਿਪਰਨ ਤਖਤ ਕਾਂਗਰਸ ਦੀ ਵਿਸ਼ਵ ਭਰ ਤੋਂ ਔਲਾਦ ਦੇ ਇਕੱਠ ਨੂੰ ਨਗਾਰੇ ਦੀ ਚੋਟ ਨਾਲ ਇਕ ਵਾਰ ਫਿਰ ਸੁਣਾ ਰਹੇ ਹਾਂ ਕਿ ਆਪਜੀ ਅਤੇ ਆਪਜੀ ਦੇ ਇਕੱਠ ਵਿਚ ਮਾਜੂਦ ਅਜਿਹੇ ਵੀ ਬੈਠੇ ਹਨ, ਜਿਨਾਂ ਅੱਗੇ ਰੱਖੇ ਦੋ ਦਸਤਾਵੇਜ਼ਾਂ Punarjnm Panth Wars v – (**ਖਾਲਸਾ ਪੰਥ ਦੇ ਵਾਰਸਾਂ ਦਾ ਪੁਨਰ ਜਨਮ**), TobakhsS (ਇਕ ਖਤ) ਵਿਚ ਦਰਜ ਤੁਸਾਂ ਵਾਰੇ ਸ਼ਬਦ ਗੁਰਬਾਣੀ ਗੁਰੂ ਕਰਤੇ ਅਕਾਲ ਪੁਰਖ, ਸੱਚ ਦਾ ਦਿੱਤਾ ਗਿਆ ਫੈਸਲਾ ਫੁਰਮਾਣ ਇਹ ਹੈ ਕਿ ਬਿਪਰਨ ਨੇ ਤੁਸਾਂ ਦੀ ਬਣਾਈ ਰਹਿਤ ਮਰਯਾਦਾ ਦੁਆਰਾ ਤੁਸਾਂ ਦੇ ਮੁਖ ਸੰਯੁਕਤ ਕਾਲਕਾ ਪੰਥ ਦਾ ਸਿਖ ਸਰੂਪ ਵਿਚ ਬਿਪਰਨ ਦੀ ਜੁਰਾਇਮ ਪੇਸ਼ਾ ਔਲਾਦ ਹੋਣਾਂ, ਸੰਸਾਰ ਉਤੇ ਸੱਚ ਨਿਸ਼ਾਨ ਸਬੂਤ ਕਰ ਦਿੱਤਾ ਗਿਆ ਹੈ। ਹੁਣ ਗੁਰੂ ਲਈ ਨਾ ਤੁਸਾਂ ਦਾ ਸਿਖ ਸਰੂਪ ਵਿਚ ਬਿਪਰਨ ਦੀ ਜੁਰਾਇਮ ਪੇਸ਼ਾ ਔਲਾਦ ਮੁਖ ਸੰਯੁਕਤ ਕਾਲਕਾ ਪੰਥ ਹੀ ਸਿਖ ਹੈ ਨਾ ਤੁਸੀਂ, ਇਸ ਦੀ ਨਾਲ ਜੁੜੀ ਬਾਂਹ ਅਤੇ ਹੋਰ ਕੋਈ ਟੁਟੀ ਬਾਂਹ ਹੀ ਸਿਖ ਹੈ। ਸੱਭੇ ਸਿਖ ਸਰੂਪ ਵਿਚ ਬਿਪਰਨ ਦੀ ਵੱਧ ਘੱਟ ਜੁਰਾਇਮ ਪੇਸ਼ਾ ਔਲਾਦ ਹੀ ਹੈ। ਜੋ ਗੁਰੂ ਨਾਲ ਜੁੜੇ ਦਰਵੇਸ਼ ਸਿਖ ਸਰੂਪ ਨੂੰ ਧਾਰ, ਵਿਚੋਂ ਬਾਂਦਰ ਬ੍ਰਾਹਮਣ ਬਿਪਰਨ ਦੀ ਔਲਾਦ ਦਾ ਕਿਰਦਾਰ ਨਿਭਾ, ਸੰਸਾਰ ਉਤੇ ਗੁਰੂ ਅਤੇ ਗੁਰੂ ਦੇ ਪੰਥ ਖਾਲਸਾ, ਪਵਿਤ੍ਰ ਕਿਰਦਾਰ ਅਤੇ ਨਾਵਾਂ ਨੂੰ ਕਲੰਕਤ ਕਰਨ ਦੀ ਸਿਖਰ ਕਰ ਜਾਣ ਮਗਰੋਂ, ਹੁਣ ਗੁਰੂ ਵਲੋਂ ਤੁਸੀਂ ਮਰੇ ਹੋਏ ਐਲਾਨੇ ਹੋਏ ਹੋ। ਹੁਣ ਤੁਸੀਂ ਨਾ ਹੀ ਗੁਰੂ ਦੇ ਸਿਖ ਹੋ ਅਤੇ ਨਾ ਹੀ ਗੁਰੂ ਵਲੋਂ ਤੁਸਾਂ ਨੂੰ ਸਿਖਾਂ ਦੀ ਤਰਫੋਂ ਸਿਖਾਂ ਵਾਰੇ ਕੁਝ ਕਹਿਣ ਜਾਂ ਫੈਸਲਾ ਲੈਣ ਦੇ ਅਧਿਕਾਰੀ ਹੀ ਕੀਤਾ ਹੋਇਆ ਹੈ।

ਗੁਰੂ ਵਲੋਂ ਵਿਸ਼ਵ ਭਰ ਚੋਂ ਆਪਣੀ ਕਲਾ ਵਰਤਾ ਅਸਾਂ ਲਈ ਇਕ ਥਾਂ ਇਕੱਤਰ ਕੀਤੇ, ਹੁਣ ਤੱਕ ਦੀ ਆਪਣੀ ਰਹਿਤ ਮਰਯਾਦਾ ਦੀ ਅੱਗੇ ਵੀ ਰੱਖਿਆ ਅਤੇ ਪਾਲਣਾਂ ਦੇ ਫੈਸਲੇ ਲਈ ਐ ਮੁਖ ਸੰਯੁਕਤ ਕਾਲਕਾ ਪੰਥ+ ਇਸ ਨਾਲ ਜੁੜੀ ਹਰ ਬਾਂਹ+ ਇਸ ਨਾਲੋਂ ਟੁਟ ਖੁਦ ਆਜਾਦ ਕਾਲਕਾ ਪੰਥ ਹੋਇਓ ਅਤੇ ਇਨਾਂ ਦੇ ਹਮੈਤੀਓ, ਤੁਸਾਂ ਇਕੱਠ ਨੂੰ ਨਗਾਰੇ ਦੀ ਚੋਟ ਨਾਲ ਸ਼ਬਦ ਗੁਰਬਾਣੀ ਗੁਰੂ ਕਰਤੇ ਅਕਾਲ ਪੁਰਖ, ਸੱਚ ਦਾ ਦਿੱਤਾ ਗਿਆ ਇਹ ਫੈਸਲਾ ਫੁਰਮਾਣ ਇਕ ਵਾਰ ਫਿਰ ਯਾਦ ਦਿਲਾਂਦੇ ਹਾਂ ਕਿ ਤੁਸਾਂ ਜਿਮੇ ਕਰਤੇ ਦੇ ਅਧੀਨ ਚੱਲ ਰਹੀ ਇਸ ਖੇਲ ਵਿਚ ਸਿਰਫ ਤੇ ਸਿਰਫ ਸਿਖ ਸਰੂਪ ਵਿਚ ਬਿਪਰਨ ਅਤੇ ਬਿਪਰਨ ਤਖਤ ਦੀ ਜੁਰਾਇਮਪੇਸ਼ਾ ਔਲਾਦ ਹੋਣ ਤੱਕ ਦਾ ਰੋਲ ਅਦਾ ਕਰਨਾਂ ਹੀ ਆਇਆ ਸੀ ਜੋ ਗੁਰੂ ਕਰਤੇ ਵਲੋਂ ਤੁਸਾਂ ਨੂੰ ਮਾਰੇ ਐਲਾਨਕੇ ਖਤਮ ਕਰ ਦਿੱਤਾ ਹੈ।

ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥ (ਪੰਨਾਂ 723)

ਹਾਂ ਜੀ ਇਹ ਸਤਿਗੁਰ ਦੇ ਆਦਿ ਸਿਖ ਸੂਰੇ ਸੰਤ ਭਗਤ ਖਾਲਸੇ ਦਾ ਸਤਿਗੁਰ ਹੁਕਮੀਂ ਜੂਨ ਚੌਰਾਸੀ ਲਈ ਫਿਰ ਫੇਰਾ ਹੀ ਸੀ ਜੋ ਕਲਜੁਗ ਵਿਚ ਸੱਚ ਅਤੇ ਝੂਠ, ਬਦੀ ਅਤੇ ਨੇਕੀ ਵਿਚ ਚਲੀ ਆਉਂਦੀ ਸਦੀਵੀ ਜੰਗ ਵਿਚ ਜਿਤ ਹਾਰ ਦੇ ਨਬੇੜੇ ਲਈ ਸਮੇਂ ਦੀ ਸ਼ੁਰੂਆਤ ਕਰ ਗਏ ਨੇ ਅਤੇ ਇਸ ਨਬੇੜੇ ਲਈ ਸ਼ਬਦ ਗੁਰੂ ਗੁਰਬਾਣੀ ਜੀ ਆਪਣੇ ਸੱਚ ਗਿਆਨ ਦੀ ਬਖਸ਼ਿਸ਼ ਨਾਲ ਆਪਣੇ ਗੁਰਸਿਖਾਂ ਨੂੰ ਆਪਣੀ ਧਿਰ ਵਜੋਂ ਸੰਸਾਰ ਉਤੇ ਖੜਾ ਕਰ ਚੁੱਕੇ ਨੇ। ਉਹ ਲਾਲੋਕੇ ਜਿਨਾਂ ਲਈ ਸ਼ਬਦ ਗੁਰਬਾਣੀ ਵਿਚ ਗੁਰੂ ਵਲੋਂ ਇਹ ਹੁਕਮ ਦਰਜ ਹੈ:

**ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥** (ਪੰਨਾਂ 722)

ਜਿਨਾਂ ਲਈ ਜੂਨ ਚੌਰਾਸੀ ਦੇ ਸ਼ਹੀਦਾਂ ਦੀ 25ਵੀਂ ਬਰਸੀ ਸਮੇਂ ਤੋਂ ਮੁੱਢਲੀ ਸਿਖ ਦੀ ਪ੍ਰੀਭਾਸ਼ਾ, ਮਰਯਾਦਾ ਅਤੇ ਅੱਜ ਕਰਮ ਨਿਸ਼ਾਨ - ਗੁਰ ਕੀ ਸੇਵਾ ਹੈ, ਇਹ ਹੈ:

"ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਵ ਗੁਰਬਾਣੀ ਵਿਚ ਦਰਜ ਸਮੂਹ ਕਰਨ ਅਤੇ ਤਿਆਗਣ ਗੁਰੂ ਹੁਕਮਾਂ ਨੂੰ ਸੱਭ ਸਿਖਾਂ ਨੇ ਮੰਨਣਾਂ ਹੀ ਸਿਖ ਦੀ ਪ੍ਰੀਭਾਸ਼ਾ, ਪਹਿਚਾਣ ਅਤੇ ਰਹਿਤ ਮਰਯਾਦਾ ਹੈ। "

"ਜਿਵੇਂ ਗੁਰਬਾਣੀ ਵਿਚ ਦਰਜ ਸਮੂਹ ਹੁਕਮਾਂ ਵਿਚੋਂ ਦੋ, ਇਕ ਕੇਸਾਧਾਰੀ ਦਸਤਾਰਧਰਾ ਅਤੇ ਦੂਜਾ ਅੰਮ੍ਰਿਤ ਦਾਤ ਦਾ ਭਾਗੀ ਹੋਏ ਬਿਨਾਂ ਕੋਈ ਗੁਰੂ ਦਾ ਸਿਖ ਨਹੀਂ ਹੋ ਸਕਦਾ ਇਵੇਂ ਹੀ ਇਹ ਦੋ ਹੁੰਦਿਆਂ, ਬਾਕੀ ਗੁਰੂ ਹੁਕਮਾਂ ਵਿਚੋਂ, ਜਾਣੇ ਇਕ ਨੂੰ ਵੀ ਠੁਕਰਾਣ ਵਾਲਾ ਕੋਈ, ਗੁਰੂ ਦਾ ਸਿਖ ਰਹਿ ਨਹੀਂ ਸਕਦਾ। "

"ਗੁਰੂ ਗੁਰਬਾਣੀ ਦੇ ਸਮੂਹ ਹੁਕਮਾਂ ਨੂੰ ਮੰਨ ਕੇ ਚਲਣਾਂ ਜਿਨਾਂ ਲਈ ਅੱਜ ਸਿਖ ਦੀ ਪ੍ਰੀਭਾਸ਼ਾ ਅਤੇ ਮਰਯਾਦਾ ਹੈ ਉਨਾਂ ਦਾ ਅੱਜ ਮੁੱਖ ਕਰਮ ਨਿਸ਼ਾਨ (ਸਤਿਗੁਰ ਸੇਵਾ) ਆਪਣੇ ਪਵਿਤ੍ਰ ਸਰਬ ਉਤਮ ਗੁਰਧਾਮਾਂ ਦੀ ਸਿਖ ਸਰੂਪ ਵਿਚ ਬਿਪਰਨ ਔਲਾਦ ਤੋਂ ਅਤੇ ਇਨਾਂ ਦੇ ਬਾਪ ਦਾਦੇ ਬਿਪਰਨ ਦਿੱਲੀ ਤਖਤ ਤੋਂ ਖਾਲਸਾ ਪੰਥ ਨੂੰ ਆਜਾਦ ਕਰਵਾਕੇ ਅਮਲੀ ਰੂਪ ਵਿਚ ਆਪਣੇ ਆਪਨੂੰ, ਆਪਣੇ ਪੰਥ ਨੂੰ ਸਿੱਧਾ, ਆਪਣੇ ਇਕੋ ਇਕ ਸਿਰਜਣਹਾਰ ਅਕਾਲ ਪੁਰਖ ਦੇ ਹੀ ਅਧੀਨ ਕਰ ਲੈਣ ਲਈ ਅਡੋਲ ਨਿੱਤਰੇ ਹੋਣਾਂ ਹੈ।"

ਜਿਸ ਲਈ ਸੰਗਤ- ਪ੍ਰਭ ਦੇ ਮੇਲ ਲਈ ਗੁਰਸਿਖ ਸੰਤ, ਭਗਤ ਖਾਲਸੇ ਤੋਂ ਕਦੇ ਪੁੱਛ ਚੁੱਕੇ ਮਾਰਗ ਇਨਸਾਨ। ਜਿਸ ਲਈ ਸਿਖੀ ਮਾਰਗ, ਸਤਿਗੁਰ ਤੋਂ ਸੱਭ ਕੁਝ ਵਾਰਨਾਂ।

**ਮੇਰੇ ਭਾਈ ਜਨਾ ਕੋਈ ਮੋ ਕਉ ਹਰਿ ਪ੍ਰਭੁ ਮੇਲਿ ਮਿਲਾਇ ॥**
**ਹਉ ਸਤਿਗੁਰ ਵਿਟਹੁ ਵਾਰਿਆ ਜਿਨਿ ਹਰਿ ਪ੍ਰਭੁ ਦੀਆ ਦਿਖਾਇ ॥** (ਪੰਨਾ 41)

ਇਹ ਹੈ ਤੁਸਾਂ ਗੁਰੂ ਵਲੋਂ ਮਾਰਿਆਂ ਵਿਚੋਂ ਹੀ ਗੁਰੂ ਆਪਣੀ ਕ੍ਰਿਪਾ ਕਰ, ਜੂਨ ਚੌਰਾਸੀ ਦੇ ਸ਼ਹੀਦਾਂ ਦੀ 25ਵੀਂ ਬਰਸੀ ਸਮੇਂ ਤੋ ਮੁੜ ਜੀਵਾਇਆ ਗੁਰਸਿਖ ਕਾਫਲਾ। ਜਿਸ ਨੂੰ ਹੁਣ ਨਾ ਸਿਖ ਸਰੂਪ ਵਿਚ ਤੁਸਾਂ ਬਿਪਰਨ ਦੀ ਔਲਾਦ ਨੇ, ਨਾ ਦੁਨੀਆਂ ਦੇ ਕਿਸੇ ਅਨਿਆਈ ਤਖਤ ਨੇ ਅਤੇ ਨਾ ਹੀ ਭੌਤਕ ਸਰੀਰ ਵਿਚ ਕਿਸੇ ਅਨਿਆਈ ਇਨਸਾਨ ਨੇ ਹੀ ਮਾਰ ਸਕਣਾਂ ਹੈ। ਜਿਸ ਦੀਆਂ ਜੜਾਂ ਗੁਰੂ ਕਰਤੇ ਦੇ ਸੱਚ ਗਿਆਨ ਨੇ ਆਪਣੇਂ ਸਿਰਜਣਹਾਰ ਤੱਕ ਕੀਤੀਆਂ ਹੋਈਆਂ ਨੇ। ਜਿਨਾਂ ਦੇ ਸਰੀਰ ਭਾਂਡੇ ਨੂੰ ਭੰਨਕੇ, ਮਾਰ ਕੇ ਵੀ ਕਿਸੇ ਵਲੋਂ ਜਿਨਾਂ ਨੂੰ ਮਾਰਿਆ ਨਹੀਂ ਜਾਣਾਂ। ਇਹ ਸਰੀਰ ਭਾਂਡਾ ਕਿਸੇ ਅਨਿਆਈ ਨੇ ਭੰਨਣਾਂ ਹੀ ਹੈ ਕਿ **ਚਾਲ ਭਗਤਾ ਜੁਗਹੁ ਜੁਗੁ ਨਿਰਾਲੀ** - ਸੱਚ ਨੇ ਉਨਾਂ ਦੇ ਮੁੜ ਜਨਮ ਲਈ ਲਾਲੋਕੇ ਕੁਲ ਵਿਚ ਪਵਿਤ੍ਰ ਮਾਂ ਕੁਖ ਦਾ ਪ੍ਰਬੰਧ ਪਹਿਲੋਂ ਹੀ ਕੀਤਾ ਹੋਣਾਂ ਹੈ। ਜਿਨਾਂ ਮੁਕਾਮ ਨੂੰ ਸਰ ਕਰ ਲੈਣ ਤੱਕ, ਹਰ ਵਾਰ ਗੁਰੂ ਦੇ ਤੇਜ ਪ੍ਰਤਾਪ ਨਾਲ ਬਲਵਾਨ ਤੋਂ ਬਲਵਾਨ ਹੋ, ਸਿਖ ਸਰੂਪ ਵਿਚ ਜਾਂ ਨਾ ਸਿਖ ਸਰੂਪ ਵਿਚ ਆਪਣੇ ਗੁਰੂ ਦੇ, ਆਪਣੇ ਪੰਥ ਦੇ ਹਰ ਦੋਖੀ ਦੁਸ਼ਟ ਮਸੰਦ ਮਲੇਸ਼ ਅਤੇ ਮਲੇਸ਼ ਸਭਾ, ਸਰਕਾਰ ਅੱਗੇ, ਸਤਿਗੁਰ ਤੋਂ ਸਭ ਵਾਰਨ ਲਈ, ਸਤਿਗੁਰ ਦੇ ਆਸਰੇ ਖੜਦੇ ਹੀ ਰਹਿਣਾਂ ਹੈ।

**ਤੁਸਾਂ ਦੀ ਭਲਾਈ ਲਈ ਅਤੇ ਸੰਸਾਰ ਦੀ ਭਲਾਈ ਲਈ ਸੱਚਾ ਸੁਝਾ:**

1) ਗੁਰੂ ਵਲੋਂ ਮਾਰੇ ਐਲਾਨੇ ਹੋਏ ਸਿਖ ਸਰੂਪ ਵਿਚ ਬਿਪਰਨ ਅਤੇ ਬਿਪਰਨ ਤਖਤ ਦੀ ਔਲਾਦ, ਸਚ ਮੁੱਚ ਹਿੰਦੂ ਧਰਮ ਅਤੇ ਕੌਮ ਦਾ ਹੋ ਚੁੱਕੇ ਕਿਰਦਾਰੋਂ ਹਿੰਦੂ ਬ੍ਰਾਹਮਣ ਹਿੱਸਾ, ਅੰਗ, ਅੱਜ ੧੧ ਅਪ੍ਰੈਲ ਨੂੰ ੨੦੧੦ ਨੂੰ, ਸਿਖਰ ਪੰਥ ਵੈਰਣ ਦਿੱਲੀ ਇਕੱਤਰ ਐ ਸਮੂਹ ਸੰਯੁਕਤ ਕਾਲਕਾ ਪੰਥ ਇਕੱਠ:

ਤੁਸਾਂ ਦੀ ਭਲਾਈ ਲਈ ਅਤੇ ਸੰਸਾਰ ਦੀ ਭਲਾਈ ਲਈ ਜੋ ਸੱਚਾ ਸੁਝਾ ਹੈ ਉਹ ਹੈ ਕਿ ਤੁਸੀ ਹੋਰ ਲੱਖ ਵਿਚਾਰਾਂ ਕਰ ਲਵੋ ਪਰ ਅੰਤ ਮਤਾ ਕਰੋ ਕਿ ਗੁਰਸਿਖ ਕਾਫਲਾ ਨਾਮ ਵਾਲੇ ਇਨਾਂ ਦੋ ਦਸਤਾਵੇਜ਼ਾਂ ਦੁਆਰਾ ਆਪਾਂ ਸਭ ਨੂੰ ਸਿਖ ਸਰੂਪ ਵਿਚ ਬਿਪਰਨ ਅਤੇ ਬਿਪਰਨ ਦਿੱਲੀ ਤਖਤ ਦੀ ਔਲਾਦ, ਜੋ ਗੁਰੂ ਵਲੋਂ ਮਾਰੀ ਹੋਈ ਹੋਣੀ, ਗੁਰਬਾਣੀ ਗੁਰੂ ਦਾ ਆਪਾਂ ਲਈ ਫੈਸਲਾ ਦਸ ਰਹੇ ਨੇ। ਆਉ ਪਹਿਲੋਂ ਇਨਾਂ ਦਸਤਾਵੇਜ਼ਾਂ ਨੂੰ ਆਪਣੇ ਆਪਣੇ ਘਰ ਬੈਠ ਠਰੰਮੇ ਨਾਲ ਪੜੀਏ ਅਤੇ ਆਪਣੇ ਮਨਾਂ ਨਾਲ ਵਿਚਾਰ ਕਰੀਏ ਕਿ ਇਨਾਂ ਦਸਤਾਵੇਜ਼ਾਂ ਵਿਚ ਆਪਾਂ ਵਾਰੇ ਬਿਆਨਿਆ ਸੱਚ, ਸੱਚ ਹੈ ਜਾਂ ਨਾ ਸੱਚ। ਆਪਣੇ ਮਨਾਂ ਨਾਲ ਇਸ ਵਿਚਾਰ ਮਗਰੋਂ ਫਿਰ ਆਪਣਾਂ ਵਿਸ਼ਵ ਸਿਖ ਸਮੇਲਨ ਸੱਦੀਏ ਅਤੇ ਆਪਣਾਂ ਫੈਸਲਾ ਸੁਣਾਈਏ ਕਿ ਆਪਾਂ ਗੁਰੂ ਵਲੋਂ ਮਾਰਿਆਂ ਨੇ ਗੁਰੂ ਆਸਰੇ ਬਖਸ਼ੀਸ਼ ਆਪਣੀ ਭੁੱਲ ਨੂੰ ਗੁਰੂ ਤੋਂ ਬਖਸ਼ਾ ਲਿਆ ਹੈ। ਗੁਰੂ ਵਲੋਂ ਤੁਸਾਂ ਅਸਾਂ ਮਾਰੇ, ਸਭ ਮੁੜ ਜਿਵਾ ਲਏ ਨੇ ਅਤੇ ਆਪਣੇ ਸੂਰੇ ਸਿਖ ਕਰਕੇ, ਜਮ ਜੂਨਾਂ ਦੇ ਨਰਕ, ਮੁੜ ਮੁੜ ਮਰਨ ਨੂੰ ਖਤਮ ਕਰਨ ਆਪਣੇ ਸੱਚੇ ਸਿਖ ਕਰਕੇ ਤੋਰ ਲਏ ਨੇ। ਜਾਂ ਤੁਸਾਂ ਨੇ ਆਪਣੇ ਹੀ ਜਿੰਦਾ ਜਾਗਦੇ ਸਿਰਜਣਹਾਰ ਸਤਿਗੁਰ ਗੁਰੂ ਗੁਰਬਾਣੀ ਸੱਚ, ਅਕਾਲ ਪੁਰਖ ਨੂੰ ਸਿਖ ਸਰੂਪ ਵਿਚ ਬਿਪਰਨ ਦੀ ਔਲਾਦ ਬਣੀ, ਉਸ ਦੇ ਆਖੇ ਹੁਣ ਵਾਂਗਰ ਹੀ ਸਾਕਤ ਮਸੰਦ ਮਲੇਸ਼ ਸਭਾ ਬਣੀ ਆਪਣੇ ਕੂੜ ਦੇ ਹੁਣ ਤੱਕ ਦੇ ਪਸਾਰੇ ਨੂੰ ਦੁਨਿਆਵੀ ਤਾਕਤ ਨਾਲ ਜਾਰੀ ਰੱਖਣਾਂ ਹੈ।

੨) ਗੁਰੂ ਮਹਾਰਾਜ ਵਲੋਂ ਤੁਸਾਂ ਉਨਾਂ ਸਭਨਾਂ ਨੂੰ ਇਕ ਥਾਂ ਜੋੜਿਆ ਹੈ ਜੋ ਲਲਕਾਰੇ ਮਾਰ ਮਾਰ ਐਲਾਨ ਕਰਦੇ ਆ ਰਹੇ ਨੇ ਕਿ ਉਹ ਤਾਂ ਸ਼੍ਰੋਮਣੀ ਕਮੇਟੀ ਦੀ ੧੯੪੫ ਮਗਰੋਂ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਸਰਪ੍ਰਸਤੀ ਅਧੀਨ, ਲਾਗੂ ਸਿਖ ਰਹਿਤ ਮਰਯਾਦਾ ਅਨੁਸਾਰ ਹੀ ਸਿਖ ਹਨ ਅਤੇ ਰਹਿਣਗੇ। ਇਸ ਦੀ ਹਾਮੀ ਆਪਜੀ ਇਕੱਠ ਵਲੋਂ ਜੈਕਾਰਿਆਂ ਨਾਲ ਭਰਵਾਉਣਾਂ, ਆਪਜੀ ਦੇ ਇਸ ਸੱਦੇ ਵਿਸ਼ਵ ਅਸਿਖ ਸਮੇਲਨ ਦਾ ਅਸਲ ਮੁਖ ਮੰਤਵ ਵੀ ਹੈ। ਜਿਸ ਦਾ ਐਲਾਨ ਤੁਸਾਂ ਵਲੋਂ ਆਪਣੇ ਇਸ ਦਿਨ ਦੇ ਅਜੰਡੇ ਉਤੇ ਇਨਾਂ ਹਰਫਾਂ ਨਾਲ ਕੀਤਾ ਹੋਇਆ ਹੀ ਹੈ:

**" ਸ੍ਰੀ ਅਕਾਲ ਤਖਤ ਸਾਹਿਬ ਜੀ ਵਲੋਂ ਪ੍ਰਵਾਨਿਤ ਸਿਖ ਰਹਿਤ ਮਰਯਾਦਾ ਨੂੰ ਅਮਲੀ ਤੌਰ ਤੇ ਲਾਗੂ ਕਰਨਾਂ।"**

ਐ ਇਹ ਇਕੱਠ ਸੱਦਣ ਵਾਲੇ ਸਿਖ ਸਰੂਪ ਵਿਚ ਬਿਪਰਣ ਦੀ ਪਾਂਡੀ ਔਲਾਦ, ਸਿਖ ਸਰੂਪ ਵਿਚ ਹੋਕੇ ਹੋਰ ਝੂਠ ਬੋਲਣੋਂ ਸ਼ਰਮ ਹਿਆ ਕਰ। ਸ੍ਰੀ ਅਕਾਲ ਤਖਤ ਸਾਹਿਬ ਜੀ ਵਲੋਂ ਮਨੁੱਖ ਰੂਪ ਵਿਚ ਪ੍ਰਗਟ ਹੋਕੇ ਨਾ ਕੋਈ ਸਿਖ ਰਹਿਤ ਮਰਯਾਦਾ ਤਿਆਰ ਕੀਤੀ ਗਈ ਹੈ ਅਤੇ ਨਾ ਕਿਸੇ ਸਿਖ ਰਹਿਤ ਮਰਯਾਦਾ ਨੂੰ ਪ੍ਰਵਾਨਗੀ ਜਾਂ ਨਾ ਪਰਵਾਨਗੀ ਹੀ ਦਿੱਤੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਪਵਾਈ ਹੋਈ 32 ਸਫੇ ਦੀ ਸਿੱਖ ਰਹਿਤ ਮਰਯਾਦਾ ਦੀ ਸ਼ੁਰੂਆਤ ਵਿਚ ਇਹ ਜਾਣਕਾਰੀ ਲਿਖੀ ਮਿਲਦੀ ਹੈ:

"ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰਹੁ-ਰੀਤ ਸਬ-ਕਮੇਟੀ ਵਲੋਂ ਰਹੁ-ਰੀਤ ਦੇ ਖਰੜੇ ਦੀ ਪ੍ਰਵਾਨਗੀ ਸਰਬ ਹਿੰਦ ਸਿਖ ਮਿਸ਼ਨ ਬੋਰਡ ਨੇ ਆਪਣੇ ਮਤਾ ਨੰਬਰ ੧, ਮਿਤੀ ੧-੮-੩੬ ਰਾਹੀਂ ਅਤੇ ਸ਼੍ਰੋਮਣੀ ਕਮੇਟੀ ਨੇ ਆਪਣੇ ਮਤਾ ਨੰਬਰ ੧੪੯, ਮਿਤੀ ੧੨-੧੦-੩੬ ਦੁਆਰਾ ਦਿੱਤੀ ਅਤੇ ਮੁੜ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀ ਧਾਰਮਿਕ ਸਲਾਹਕਾਰ ਕਮੇਟੀ ਨੇ ਆਪਣੀ ਇਕੱਤਰਤਾ ਮਿਤੀ ੭-੧-੪੫ ਵਿਖੇ ਇਸ ਨੂੰ ਵਿਚਾਰਕੇ ਇਸ ਵਿਚ ਕੁਝ ਵਾਧੇ ਘਾਟੇ ਕਰਨ ਦੀ ਸਿਫਾਰਸ ਕੀਤੀ।"

ਭਾਵ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਿਖ ਰਹਿਤ ਮਰਯਾਦਾ ਤਿਆਰ ਕਰਵਾਕੇ, ੭-੧-੪੫ ਦੇ ਮਗਰੋਂ, ਇਸ ਨੂੰ ਮੰਨਣ ਦਾ ਹੁਕਮਨਾਮਾਂ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਜਾਰੀ ਕਰਵਾਇਆ ਗਿਆ। ਜਿਵੇਂ ਇਹ ਹੁਣ ਤੱਕ ਆਪਣੇ ਨਿਯੁਕਤ ਕੀਤੇ ਜਥੇਦਾਰਾਂ ਦੁਆਰਾ ਕਿਸੇ ਨੂੰ ਤਨਖਾਹਾਂ ਅਤੇ ਕਿਸੇ ਨੂੰ ਖਾਰਜੀ ਆਦਿ ਦੇ ਹੁਕਮਨਾਮੇ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਜਾਰੀ ਕਰਵਾਉਂਦੀ ਆ ਰਹੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਪਵਾਈ ਅਤੇ ਲਾਗੂ ਕਰਵਾਈ ਹੋਈ ਰਹਿਤ ਮਰਯਾਦਾ ਦੇ ਪਹਿਲੇ 8 ਸਫਿਆਂ ਉਤੇ ਇਸ ਰਹਿਤ ਮਰਯਾਦਾ ਨੂੰ ੧੯੩੨ ਤੋਂ ੧੯੪੫ ਤੱਕ ਤਿਆਰ ਕਰਨ ਵਿਚ ਹਿੱਸਾ ਲੈਣ ਵਾਲਿਆਂ ਦਾ ਜਿਕਰ ਹੈ। ਇਸ ਮਗਰੋਂ **ਚਾਲ ਭਗਤਾ ਜੁਗਹੁ ਜੁਗੁ ਨਿਰਾਲੀ** ਦਾ ਜਿਕਰ ਹੈ ਜੋ ਇਸ ਸਭਾ ਵਿਚ ਆਪਣੇ ਕੁਝ ਪਿਆਰੇ ਗੁਰਸਿਖ ਖਾਲਸੇ ਬਿਠਾ, ਉਨਾਂ ਦਆਰਾ ਸਿਖਰ ਪੰਥ ਦੁਸ਼ਮਣ ਜਾਹਲਸਾਜ ਬਿਪਰਨ ਦੇ ਹੋ ਚੁੱਕੇ ਇਕ ਅਤਿ ਘਿਨਾਉਣੇ ਵਾਰ ਦਾ ਸਦੀਵੀਂ ਜਬਾਬ ਬਣਦੀ ਦਸ਼ਮੇਸ਼ ਪਿਤਾ ਦੀਆਂ ਖਾਲਸਾ ਪੰਥ ਨੂੰ ਬਖਸ਼ਿਸ਼ ਤਿੰਨ ਬਾਣੀਆਂ ਅਤੇ ਖਾਲਸੇ ਦੀ ਅਰਦਾਸ ਨੂੰ ਵੱਖ ਕਰਕੇ, ਮੁੜ ਖਾਲਸਾ ਪੰਥ ਦੀ ਇਮਾਨਤ ਕਰਦੀ ਹੈ, ਜਿਵੇਂ ਹੋਰ ਧਰਮਾਂ ਨੂੰ ਮੰਨਣ ਵਾਲਿਆਂ ਦੇ ਆਪਣੇ ਆਪਣੇ ਦੁਨਿਆਵੀ ਜੀਵਨ ਨਿਬਾਹ ਲਈ ਵੱਖ ਵੱਖ ਸਮੇਂ ਧਾਰਮਕ ਨਿਯਮ ਹਨ, ਖਾਲਸਾ ਪੰਥ ਲਈ ੩੦ ਸਫੇ ਦੇ ਅੱਧ ਤੱਕ ਇਹ ਨਿਯਮ ਨੀਅਤ

ਕਰਦੀ ਹੈ, ਇਥੇ ਤੱਕ ਭਵਿਖ ਵਿਚ ਹੋਣ ਵਾਲੀ ਬੁਧ ਬਬੇਕ ਦੀ ਪਰਖ ਲਈ ਉਨੀ ਇਕੀ ਦਾ ਫਰਕ ਰਖਦੀ ਹੈ ਅਤੇ ਇਸ ਮਗਰੋਂ ਆਪਣੇ ਕਰਤੇ ਦੀ ਕੀਤੀ, 'ਪੰਥ ਤੇ ਸਿਖ ਸਰੂਪ ਵਿਚ ਬਿਪਰਨ ਔਲਾਦ ਦਾ ਬੋਲਬਾਲਾ", ਅੱਗੇ ਸਿਰ ਨਿਵਾ, ੩੦ ਸਫੇ ਦੇ ਅੱਧ ਤੇ ਆ, ਉਠ ਵਿਦਾ ਹੁੰਦੀ ਹੈ।

ਇਸ ਮਗਰੋਂ ਇਸ ਸਿਖ ਰਹਿਤ ਮਰਯਾਦਾ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਿਖ ਦੀ ਅਸਲ ਰਹਿਤ ਮਰਯਾਦਾ ਪ੍ਰੀਭਾਸ਼ਾ ਦਰਜ ਹੈ ਜੋ ਤੁਸਾਂ ਉਤੇ ਪਹਿਲੋਂ ਹੀ ਲਾਗੂ ਹੈ ਅਤੇ ਜਿਸ ਨੂੰ ਤੁਸੀ ਹੋਰ ਅਮਲੀ ਤੌਰ ਤੇ ਲਾਗੂ ਕਰਵਾਉਣ ਦਾ ਮਤਾ ਕਰਨ ਇਕੱਠੇ ਹੋਏ ਹੋ। ਤੁਸਾਂ ਅਤੇ ਤੁਸਾਂ ਦੀ ਸ਼੍ਰੋਮਣੀ ਕਮੇਟੀ ਦੀ ਸਿਖ ਰਹਿਤ ਮਰਯਾਦਾ ਅਨੁਸਾਰ ਤੁਸਾਂ ਲਈ ਸਿਰਫ ਇਹ ਚਾਰ ਕੁਰਹਿਤਾਂ, ਭਾਵ ਮਾੜੇ ਕਰਮ, ਹਰਾਮ ਕਰਮ, ਬਿਬਰਜਤ ਕੁਕਰਮ ਨਾ ਕਰਨੇ, ਸਿਖ ਲਈ ਗੁਰੂ ਦਾ ਹੁਕਮ ਹੈ। ਸਿਖ ਦਾ ਸਿਖੀ ਜੀਵਨ ਹੈ। ਭਾਵ ਗੁਰੂ ਦੇ ਸਿਖ ਲਈ ਇਹ ਚਾਰ ਗੁਰੂ ਹੁਕਮ ਕੁਰਹਿਤਾਂ ਇਹ ਹੀ ਹਨ:

੧) ਕੇਸਾਂ ਦੀ ਬੇ-ਅਦਬੀ

੨) ਕੁੱਠਾ ਖਾਣਾਂ

੩) ਪਰ-ਇਸਤ੍ਰੀ ਜਾਂ ਪਰ-ਪੁਰਸ਼ ਦਾ ਗਮਨ (ਭੋਗਣਾ)।

੪) ਤਮਾਕੂ ਦਾ ਵਰਤਣਾਂ।

ਇਥੇ ਇਕ ਸਿਖ ਦੇ ਸਿਰਫ ਤਿੰਨ ਗੁਣ ਹੋਣੇ ਜਰੂਰੀ ਕੀਤੇ ਗਏ ਹਨ। ਨਾਲ ਇਕ ਗੁਰੂ ਹੁਕਮਾਂ ਦੇ ਉਲਟ, ਆਪਣੀ ਜੀਭ ਦਾ ਸੁਆਦ ਕੁਠਾ ਖਾਣਾਂ, ਝੂਠਾ ਹੀ ਗੁਰੂ ਅਨੁਸਾਰ ਕਰਨ ਦਾ ਅਤਿ ਘਿਣਾਉਣਾਂ ਕੁਕਰਮ ਕਰ ਲਿਆ।

ਕੇਸਾਂ ਦੀ ਬੇਅਦਬੀ ਨਾ ਕਰਨਾਂ ਇਕ ਗੁਣ ਤਾਂ ਹੈ ਜੇ ਕਿਸੇ ਨੇ ਗੁਰੂ ਨਾਲ ਜੁੜਦੇ ਪਵਿਤ੍ਰ ਦਰਵੇਸ਼ ਸਰੂਪ ਦੀ ਲਾਜ ਲਈ ਇਸ ਦਰਵੇਸ਼ ਸੂਰਤ ਇਨਸਾਨ ਦੇ ਕਿਰਦਾਰ ਵਿਚ ਗੁਰੂ ਕੀਤੇ ਬਾਕੀ 98 ਹੋਰ ਗੁਣ ਵੀ ਨਾਲ ਕੀਤੇ ਹੋਏ ਹਨ। ਜਿਵੇਂ ਝੂਠ ਨਹੀਂ ਬੋਲਣਾਂ, ਕਿਸੇ ਦਾ ਹੱਕ ਨਹੀਂ ਮਾਰਨਾਂ, ਕਿਸੇ ਨਰਦੋਸ਼ ਦਾ ਕਤਲ ਨਹੀਂ ਕਰਨਾਂ, ਕਿਸੇ ਨਾਲ ਧੋਖਾ ਨਹੀਂ ਕਰਨਾ, ਕਿਸੇ ਨਾਲ ਈਰਖਾ, ਦਵੈਤ, ਨਫਰਤ ਨਹੀਂ ਕਰਨੀ, ਸਰਕਾਰੀ ਜਬਰ ਜੁਲਮ ਅੱਗੇ ਖੜਨਾਂ, ਲੋੜ ਪੈਣ ਤੇ ਗੁਰੂ ਦੀ ਇਮਾਨਤ ਕੀਤਾ ਸਿਰ ਵਾਰਨ ਲਈ ਨਿੱਤਰਨਾਂ ਆਦਿ ਆਦਿ ਆਦਿ--- ।

ਤਮਾਕੂ ਦਾ ਵਰਤਣਾਂ ਅਵਗੁਣ। ਇਸ ਨੂੰ ਨਾ ਵਰਤਨਾਂ ਇਕ ਗੁਰੂ ਹੁਕਮ, ਜਿਸ ਗੁਣ ਦਾ ਧਾਰਨੀ ਸਿਖ ਗੁਰਸਿਖ ਖਾਲਸਾ। ਤਮਾਕੂ ਦਾ ਵਰਤਣਾਂ ਅਵਗੁਣ, ਮਨ੍ਹਾਂ ਪਰ ਸ਼ਰਾਬ ਪੀਣੀ ਤਮਾਕੂ ਦੀ ਵਰਤੋਂ ਵਾਂਗ ਨਾ ਅਵਗੁਣ, ਨਾ ਮਨ੍ਹਾ। ਬਸ ਸਿਰਫ ਭੁੱਲ। ਜੋ ਸਿਖ ਸਰੂਪ ਹਰ ਰੋਜ ਹਰ ਸ਼ਾਮ ਕਰ ਸਕਦਾ ਹੈ। ਨਹੰਗ ਸਿਖੀ ਬਾਣਾਂ ਪਾਕੇ ਸ਼ਰਾਬੀ ਹੋਇਆ ਹਰ ਦਿਨ ਕਿਸੇ ਸਟੇਸ਼ਨ ਤੇ ਡਿਗਿਆ ਹੋ ਸਕਦਾ ਹੈ। ਹਰ ਸ਼ਾਮ ਭੁੱਲ ਕਰਕੇ, ਸਵੇਰੇ ਤਨਖਾਹ ਲਗਵਾਣ ਜ, ਸਕਦਾ ਹੈ ਅਤੇ ਸ਼ਾਂਮੀ ਫਿਰ ਭੁੱਲ ਕਰ ਸਕਦਾ ਹੈ। ਸੋ ਤਮਾਕੂ ਛੱਡਿਆ, ਇਕ ਗੁਣ ਕੀਤਾ। ਪਰ ਨਾਲ ਹੀ ਸ਼ਰਾਬ ਰਖ ਲਈ। ਇਕ ਅਵਗੁਨ ਪੱਲੇ ਕਰ ਲਿਆ। ਇਥੇ ਵੀ ਗੁਣ, ਅਵਗੁਣ ਬਰਾਬਰ ਸਿਫਰ ਕਰ ਲਿਆ। ਸੋ ਅੰਤ ਉਤੇ ਤੁਸਾਂ ਦੀ ਰਹਿਤ ਮਰਯਾਦਾ ਸਿਰਫ ਇਕੋ ਅਵਗੁਣ, ਪਰ-ਇਸਤ੍ਰੀ ਜਾਂ ਪਰ-ਪੁਰਸ਼ ਦਾ ਗਮਨ (ਭੋਗਣਾ) ਤਿਆਗਣ ਵਾਲੇ ਇਨਸਾਨ ਨੂੰ ਸਿਖ ਐਲਾਨਦੀ ਹੈ। ਜਿਸ ਦੇ ਕਿਰਦਾਰ ਵਿਚ ਬਾਕੀ 97 ਅਵਗੁਣਾਂ ਦਾ ਹੋਣਾਂ, ਕੁਰਿਹਤ ਨਹੀਂ ਐਲਾਲਦੀ ਸਗੋਂ ਇਜਾਜਤ ਦੇਂਦੀ ਹੈ।

ਇਹ ਹੈ ਚਲਾਕ ਬਿਪਰਨ ਵਲੋਂ ਸਿਖ ਸਰੂਪ ਵਿਚ ਤੁਸਾਂ ਨੂੰ ਆਪਣੀ ਬਿਪਰਨ ਔਲਾਦ ਕਰ ਲੈਣ ਦੀ ਚੱਲੀ ਹੋਈ ਚਾਲ। ਜਿਸ ਨੇ ਤੁਸਾਂ ਉਤੇ ਹੁਕਮ ਫਰਮਾਣ ਜਾਰੀ ਕਰਨ ਵਾਲੀ ਪੁਜਾਰੀ ਜਮਾਤ ਨੂੰ ਸਿਖ ਸਰੂਪ ਵਿਚ ਬਿਪਰਨ ਦੀ ਜੁਰਾਇਮਪੇਸ਼ਾ ਔਲਾਦ ਕਰਕੇ ਸੰਸਾਰ ਉਤੇ ਪ੍ਰਗਟਾ ਦਿੱਤਾ ਹੈ। ਤੁਸੀ ਆਪ ਅਤੇ ਆਪਣੇ ਇਸ ਅੱਜ ਦੇ ਇਕੱਠ ਤੋਂ ਬਿਪਰਨ ਦੀ ਆਪਣੇ ਲਈ ਇਸ ਰਹਿਤ ਮਰਯਾਦਾ ਉਤੇ ਹੋਰ ਵੀ ਦਰਿੜਤਾ ਨਾਲ ਅਮਲ ਦਾ ਮਤਾ ਪਾਸ ਕਰੋਗੇ ਤਾਂ ਗੁਰੂ ਮਹਾਰਾਜ ਤੁਸਾਂ ਦੀ ਆਸ ਵੀ ਪੂਰੀ ਕਰਨਗੇ। ਹੁਣ ਸਿਖ ਸਰੂਪ ਵਿਚ ਬਿਪਰਨ ਅਤੇ ਬਿਪਰਨ ਤਖਤ ਦੀ ਆਮ ਔਲਾਦ ਹੋ। ਗੁਰੂ ਮਹਾਰਾਜ ਤੁਸਾਂ ਨੂੰ ਵੀ ਤੁਸਾਂ ਦੇ ਮੁਖ ਕਾਲਕਾ ਪੰਥ ਵਾਂਗਰ, ਸਿਖ ਸਰੂਪ ਵਿਚ ਬਿਪਰਨ ਦੀ ਜੁਰਾਇਮ ਪੇਸ਼ਾ ਔਲਾਦ ਦੇ ਰੂਪ ਵਿਚ ਸੰਸਾਰ ਮੰਚ ਉਤੇ ਪ੍ਰਗਟ ਕਰ ਰਹੇ ਹੋਣਗੇ।

ਯਾਦ ਰਹੇ ਕਿ ਸਾਡੇ ਦਸ਼ਮੇਸ਼ ਪਿਤਾ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਖਾਲਸਾ ਪੰਥ ਦੇ ਹਵਾਲੇ ਕਰਦੇ ਇਸ ਸਾਰੇ ਨੂੰ ਗੁਰੂ ਮੰਨਣ ਭਾਵ ਇਸ ਵਿਚ ਦਰਜ ਸਭ ਕਰਨ ਅਤੇ ਬਿਵਰਜਤ ਗੁਰੂ ਹੁਕਮਾਂ ਨੂੰ ਮੰਨਣ, ਭਾਵ ਅਮਲੀ ਜੀਵਨ ਵਿਚ ਕਰਕੇ,

ਉਸ ਦਾ ਸਿਖ ਹੋ ਸੰਸਾਰ ਉਤੇ ਵਿਚਰਨ ਦਾ ਹੁਕਮ ਕੀਤਾ ਸੀ। ਨਾਕਿ ਇਸ ਵਿਚੋਂ ਸਿਰਫ ਪਰਾਈ ਵੱਲ ਮਾੜੀ ਨਜ਼ਰ ਨਾ ਤੱਕਣ ਦਾ ਇਕੋ ਹੁਕਮ ਮੰਨਣ ਬਦਲੇ, ਗੁਰੂ ਨੇ ਕਿਸੇ ਇਨਸਾਨ ਨੂੰ ਆਪਣਾਂ ਸਿਖ ਸਵਿਕਾਰ ਕੀਤਾ ਸੀ।
ਗੁਰੂ ਦਾ ਸਿਖ, ਗੁਰਸਿਖ ਖਾਲਸਾ ਤਾਂ ਇਕ ਦੋ ਗੁਣਾਂ ਅਤੇ ਬਾਕੀ ਸੱਭੇ ਅਵਗੁਣਾਂ ਕੁਰਿਹਤਾਂ ਵਾਲਾ ਨਹੀ ਹੈ। ਸਾਡੇ ਪੂਰਨ ਗੁਰੂ ਨੇ ਤਾਂ ਆਪਣੇ ਸਿਖ ਗੁਰਸਿਖ ਖਾਲਸੇ ਨੂੰ, ਹਰ ਅਵਗੁਣ ਕੁਰਹਿਤ ਤੋਂ ਰਹਿਤ, ਮੁਕਤ ਅਤੇ ਸੱਭੇ ਗੁਣਾਂ ਸਹਿਤ ਖਾਲਸ ਇਨਸਾਨ ਐਲਾਨਿਆਂ ਹੋਇਆ ਹੈ।
ਸੋ ਸੱਚਾ ਸੁਝਾ ਹੈ ਕਿ ਜਿਸ ਮਰਯਾਦਾ ਨੇ ਤੁਸਾਂ ਨੂੰ ਸਿਖ ਸਰੂਪ ਵਿਚ ਬਿਪਰਨ ਔਲਾਦ ਕੀਤਾ, ਜਿਸ ਕਰਕੇ ਗੁਰੂ ਨੇ ਤੁਸਾਂ ਨੂੰ ਮਰੇ ਹੋਣਾਂ ਐਲਾਨਿਆਂ ਹੈ, ਉਸ ਉਤੇ ਵਿਚਾਰ ਕਰਕੇ ਸੱਚ ਲੱਭਣ ਦਾ ਅਤੇ ਇਸ ਵਾਰੇ ਵੀ ਅਗਲੇ ਇਕੱਠ ਤੇ ਫੈਸਲਾ ਦੇਣ ਦਾ ਮਤਾ ਕਰਨਾਂ।
ਇਸ ਬਿਨਾਂ ਅਗਲੇ ਹਰ ਤੁਸਾਂ ਦੇ ਸਾਕਤੀ ਕਾਰੇ ਨੇ ਤੁਸਾਂ ਦੇ ਸਿਰ ਪਾਪਾਂ ਦੀ ਪੰਡ ਨੂੰ ਭਾਰੀ ਤੋਂ ਭਾਰੀ ਕਰੀ ਜਾਣਾਂ ਹੈ। ਜਿਸ ਦੇ ਬਦਲੇ ਵਿਚ ਫਲ, ਕਾਦਰ ਦੇ ਨਿਆਂ ਕਾਨੂੰਨ ਨੇ ਆਪਣੀ ਕੁਦਰਤ ਵਿਚ ਤੁਸਾਂ ਲਈ ਤਪਾਏ ਕੋਹੋ ਜਹੇ ਕੜਾਹੇ ਹਨ, ਜਲਦੀ ਹੀ ਹਰਫੀਂ ਤਸਵੀਰ ਬਣ ਤੁਸਾਂ ਸਾਹਮਣੇ ਹੋ ਹੀ ਜਾਣੇਂ ਨੇ।

ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥ ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥ ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥ ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥ (ਪੰਨਾ 953)

ਦਿੱਲੀ ਸਿਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਸ੍ਰੀ ਮਾਨ ਸਰਨਾਂ ਜੀ ਅਤੇ ਆਪਜੀ ਦੇ ਸੱਦੇ ਤੇ ਇਸ ਵਿਸ਼ਵ ਅਸਿਖ ਕਨਵੈਨਸ਼ਨ ਤੇ ਪਹੁੰਚੇ ਸੰਸਾਰ ਦੇ ਸਿਖ ਸਰੂਪ ਵਿਚ ਬਿਪਰਨ ਅਤੇ ਬਿਪਰਨ ਤਖਤ ਦੀ ਅਸਿਖ ਔਲਾਦ ਇਨਸਾਨੋਂ, ਤੁਸਾਂ ਸੱਭ ਨੇ ਸ਼ਰੋਮਣੀ ਕਮੇਟੀ ਦੀ ਸਿਖ ਰਹਿਤ ਮਰਯਾਦਾ ਉਤੇ ਅਮਲ ਤਾਂ ਉਸ ਲੋੜ ਤੋਂ ਵੱਧ ਪਹਿਲਾਂ ਹੀ ਕੀਤਾ ਹੋਇਆ ਹੈ ਜਿੰਨਾਂ ਅਮਲ ਤੁਸਾਂ ਦੀ ਹੀ ਰਹਿਤ ਮਰਯਾਦਾ ਵਲੋਂ ਤੁਸਾਂ ਨੂੰ ਹੀ ਤਨਖਾਹੀਏ ਐਲਾਨ ਲਈ ਲੋੜੀਦਾ ਹੈ। ਪੜੋ ਆਪਣੀ ਸਿਖ ਰਹਿਤ ਮਰਯਾਦਾ ਦੇ ਪੰਨਾਂ ੩੧ ਉਤੇ:
ਤਨਖਾਹੀਏ ਇਹ ਹਨ:-
੧. ਮੀਣੇ, ਮਸੰਦ, ਧੀਰਮੱਲੀਏ, ਰਾਮਰਾਈਏ,, ਅਦਿਕ ਪੰਥ ਵਿਰੋਧੀਆਂ ਨਾਲ ਜਾਂ ਨੜੀਮਾਰ, ਕੁੜੀ ਮਾਰ, ਸਿਰਗੁੰਮ ਨਾਲ ਵਰਤਨ ਵਾਲਾ ਤਨਖਾਹੀਆ ਹੋ ਜਾਂਦਾ ਹੈ। ਮੁਖ ਸੰਯੁਕਤ ਕਾਲਕਾ ਪੰਥ ਦੇ ਮੁਖ ਪੁਜਾਰੀ, ਇਸ ਦੇ ਚਾਲਕ ਬਾਦਲਕੇ ਪੰਥ ਦੁਸ਼ਮਣ, ਪੰਥ ਵਿਰੋਧੀ ਅਤੇ ਸਿਰਗੁੰਮ ਭਾਜਪਾ, ਆਰ ਐਸ ਐਸ ਨਾਲ ਵਰਤਣ ਵਾਲੇ ਤਾਂ ਕੀ, ਸਾਂਝ ਪਾਉਣ ਵਾਲੇ, ਸਗੋਂ ਹਮਾਇਤ ਕਰਨ ਵਾਲੇ ਤਨਖਾਹੀਏ। ਤੁਸੀਂ ਬਾਕੀ ਪੰਥ ਦੁਸ਼ਮਣ, ਪੰਥ ਵਿਰੋਧੀ ਅਤੇ ਸਿਰਗੁੰਮ ਕਾਂਗਰਸ ਨਾਲ ਵਰਤਣ ਵਾਲੇ ਤਾਂ ਕੀ ਸਾਂਝ ਪਾਉਣ ਵਾਲੇ, ਸਗੋਂ ਹਮਾਇਤ ਕਰਨ ਵਾਲੇ ਤਨਖਾਹੀਏ। ਜੋ ਚੰਦ ਬਾਕੀ ਬਚੇ ਉਹ ਅਣਭੋਲ ਅਜੇ ਵੀ ਇਸ ਗੁਰੂ ਦੇ ਸਿਖ ਬਣਾਉਣ ਦੀ ਥਾਂ ਸਿਖ ਸਰੂਪ ਵਿਚ ਇਨਸਾਨ ਨੂੰ ਸੱਭੇ ਅਵਗੁਣਾਂ ਨਾਲ ਬਿਪਰਨ ਦੀ ਜੁਰਾਇਮਪੇਸ਼ਾ ਔਲਾਦ ਕਰਦੀ ਸ਼੍ਰੋਮਣੀ ਕਮੇਟੀ ਦੀ ਸਿਖ ਰਹਿਤ ਮਰਯਾਦਾ ਦੀ ਹਮੈਤ ਕਰਦੇ, ਸਿਖ ਸਰੂਪ ਵਿਚ ਬਿਪਰਨ ਦੀ ਔਲਾਦ ਬਣੀ ਬੈਠੇ ਨੇ।

ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ ॥
ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੁਟਸਿ ਨਾਹਿ ॥ (ਪੰਨਾਂ 358)
ਕਹਤ ਨਾਨਕੁ ਮਾਰਿ ਜੀਵਾਲੇ ਸੋਇ ॥ ਐਸਾ ਬੂਝਹੁ ਭਰਮਿ ਨ ਭੂਲਹੁ ਕੋਇ ॥ (ਪੰਨਾ 1128)

ਅਸਾਂ ਦੇ ਇਸ ਸੁਝਾ ਖਤ ਨੂੰ ਕੌਪੀ ਰੂਪ ਜਾਂ ਪੜਕੇ ਇਕੱਠੇ ਅੱਗੇ ਰੱਖਣ ਦੀ ਬੇਨਤੀ ਕਰਦੇ ਹਾਂ।
ਤੁਸਾਂ ਗੁਰੂ ਵਲੋਂ ਮਾਰੇ, ਗੁਰੂ ਵਲੋਂ ਮੁੜ ਜੀਵਾਏ ਕਰ ਦੇਣ ਦੀ ਅਜੇ ਵੀ ਆਸ ਉਮੀਦ ਵਿਚ:

ਗੁਰੂ ਪੰਥ ਦੇ ਦਾਸ
ਗੁਰਸਿਖ ਕਾਫਲਾ (GR.Singh)
ਵਲੋਂ ਅਤੇ ਹੁਕਮ ਉਤੇ: ਇਕੋ ਸਤਿਗੁਰੂ ਨਾਨਕ ਦੇ ਦਰ ਦਾ
ਐਨ. ਕਮਲ-ਫੇਹਰਨਬੱਖ ਉਰਫ ਬਿਧੀ ਸਿੰਘ ਬੱਬਰ (11.04.2010)
Tel: 06173 67103, Fax: 06173 640321, eMail : ef-nk@t-online.de, www.gursikhkafla.de